# ਕਾਨੂੰਨੀ ਪੈਰਵੀ
## ਗਰੀਬੀ ਕਾਨੂੰਨ
### ਪੈਨਟਿਕਟਨ ਅਤੇ ਇਸ ਦੇ ਏਰੀਏ ਦੀਆਂ ਔਰਤਾਂ ਦੀ ਇੱਕ ਸਰਵਿਸ

ਸਾਡਾ ਪ੍ਰੋਗਰਾਮ ਉਕਾਨੰਗਨ ਤੇ ਸਮਿਲਕਾਮੀਨ ਰਹਿੰਦੀਆਂ ਔਰਤਾਂ ਅਤੇ ਮਰਦਾਂ ਲਈ ਜਾਣਕਾਰੀ ਅਤੇ ਸਹਾਇਤਾ ਪੇਸ਼ ਕਰਦਾ ਹੈ। ਸੇਵਾਵਾਂ ਗੁਪਤ ਰੱਖੀਆਂ ਜਾਂਦੀਆਂ ਹਨ ਅਤੇ ਕੋਈ ਕੀਮਤ ਨਹੀਂ ਵਸੂਲੀ ਜਾਂਦੀ।

ਕਿਰਾਏਦਾਰਾਂ ਦੇ ਹੱਕ:
ਕੀ ਤੁਹਾਨੂੰ ਕੋਈ ਬੇਦਖ਼ਲੀ ਨੋਟਿਸ ਮਿਲਿਆ ਹੋਇਆ ਹੈ? ਕੀ ਤੁਹਾਡਾ ਮਕਾਨ ਮਾਲਕ ਮੁਰੰਮਤ ਕਰਨ ਅਤੇ ਨੁਕਸਾਨ ਡਿਪਾਜ਼ਿਟ ਨੂੰ ਵਾਪਸ ਕਰਨ ਤੋਂ ਇਨਕਾਰ ਕਰ ਰਿਹਾ ਹੈ?

ਭਲਾਈ:
ਕੀ ਤੁਹਾਨੂੰ ਇੰਕਮ ਸਹਾਇਤਾ ਲਈ ਅਰਜ਼ੀ ਦੇਣ ਦੀ ਲੋੜ ਹੈ? ਕਦੋਂ ਅਰਜ਼ੀ ਦੇਣੀ ਹੈ? ਮੈਂ ਭੋਜਨ, ਸਹਾਰੇ ਜਾਂ ਐਮਰਜੈਨਸੀ ਮੈਡੀਕਲ ਲੋੜਾਂ ਲਈ ਤੁਰੰਤ ਮੱਦਦ ਕਿਵੇਂ ਲੈ ਸਕਦੀ/ਸਕਦਾ ਹਾਂ?

ਅਯੋਗਤਾਵਾਂ ਵਾਲੇ ਲੋਕ:
ਪ੍ਰੋਵੈਨਸ਼ਲ ਅਤੇ ਫੈਡਰਲ ਅਯੋਗਤਾ ਭੱਤਿਆਂ, ਅਪੀਲਾਂ, ਨਜ਼ਰਸਾਨੀਆਂ ਅਤੇ ਟ੍ਰਿਬੂਨਲਜ਼ ਲਈ ਪਾਤਰਤਾ ਬਾਰੇ ਜਾਣਕਾਰੀ ਅਤੇ ਅਰਜ਼ੀਆਂ ਦੇਣੀਆਂ।

ਐਂਪਲਾਇਮੈਂਟ ਇਨਸ਼ੋਰੈਂਸ (ਸਰਵਿਸ ਕਨੇਡਾ):
ਮੈਡੀਕਲ ਅਤੇ ਦੂਸਰੇ ਭੱਤਿਆਂ ਲਈ ਪਾਤਰਤਾ।

ਐਂਪਲਾਇਮੈਂਟ ਮਿਆਰ (ਸਟੈਂਡਰਡਜ਼):
ਕੀ ਤੁਹਾਨੂੰ ਬਿਨਾ ਕਿਸੇ ਜਾਇਜ਼ ਕਾਰਨ ਦੇ ਬਰਤਰਫ ਕਰ ਦਿੱਤਾ ਗਿਆ ਹੈ ਜਾਂ ਤੁਹਾਨੂੰ ਤੁਹਾਡਾ ਬਣਦਾ ਵੇਤਨ ਨਹੀਂ ਮਿਲਿਆ?

**ਡਵਲਯੂ ਸੀ ਬੀ (Work Safe BC):**
ਕੀ ਤੁਸੀਂ ਕੰਮ 'ਤੇ ਜ਼ਖਮੀ ਹੋਏ ਹੋ ਅਤੇ ਤੁਹਾਨੂੰ ਆਪਣੇ ਕਲੇਮ ਵਾਸਤੇ ਸਹਾਇਤਾ ਦੀ ਲੋੜ ਹੈ?

ਛੋਟੇ ਕਲੇਮਾਂ, ਕਰਜ਼ਾ ਅਤੇ ਮਾਨਵੀ ਹੱਕਾਂ ਦੀਆਂ ਸ਼ਿਕਾਇਤਾਂ

* * *

ਸਾਡੇ ਕੋਲ ਮਾਹਰ ਵਕੀਲ ਹਨ ਜਿਹੜੇ ਤੁਹਾਨੂੰ ਸੁਣਨਗੇ, ਤੁਹਾਡੇ ਕਾਨੂੰਨੀ ਹੱਕਾਂ ਬਾਰੇ ਸਮਝਾਉਣਗੇ ਅਤੇ ਸਰਕਾਰੀ ਏਜੈਂਨਸੀ, ਡਾਕਟਰ, ਮਕਾਨ ਮਾਲਕ ਜਾਂ ਇਥੋਂ ਤੱਕ ਕਿ ਗੁਆਂਢੀ ਕੋਲੋਂ ਵੀ ਤੁਹਾਨੂੰ ਕੀ ਕੁਝ ਲੈਣਾ ਚਾਹੀਦਾ ਹੈ ਨੂੰ ਪ੍ਰਾਪਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਨਗੇ। ਅਸੀਂ ਅਰਜ਼ੀ ਤਿਆਰ ਕਰਨ, ਫਾਰਮ ਦੇਣ, ਅਪੀਲ ਤਿਆਰ ਕਰਨੀ, ਤੁਹਾਡੇ ਨਾਲ ਜਾਣਾ ਜਾਂ ਕਿਸੇ ਸੁਣਵਾਈ ਵਿੱਚ ਤੁਹਾਡੀ ਨੁਮਾਇੰਦਗੀ ਕਰਨੀ ਅਤੇ ਦੂਸਰੀਆਂ ਇਜੈਨਸੀਆਂ ਨੂੰ ਪ੍ਰਮਾਨ ਹਵਾਲੇ ਭੇਜਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਾਂ।

ਇਸ ਪ੍ਰੋਗਰਾਮ ਦੀ ਫੰਡਿੰਗ ਬੀ ਸੀ ਦੀ ਲਾਅ ਫਾਉਂਡੇਸ਼ਨ, ਬੀ ਸੀ ਗੇਮਿੰਗ ਕਮਿਸ਼ਨ ਅਤੇ ਵਿਅਕਤੀਗੱਤ ਅਤੇ ਕਾਰਪੋਰੇਟ ਦਾਨਾਂ ਨਾਲ ਹੁੰਦੀ ਹੈ।

**ਤੁਹਾਡੇ ਹੱਕਾਂ ਬਾਰੇ ਜੇ ਕੋਈ ਤੁਹਾਡੇ ਸਵਾਲ ਹਨ ਜਾਂ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ ਸਾਡੇ ਵਕੀਲ ਤੁਹਾਡੀ ਸਹਾਇਤਾ ਕਰ ਸਕਦੇ ਹਨ।**

ਆਪਣੇ ਆਪ ਵਾਸਤੇ ਬੋਲਣਾ ਜਾਂ ਆਪਣੀ ਗੱਲ ਕਹਿਣ ਲਈ ਵਕੀਲ ਲੈ ਲੈਣਾ ਤੁਹਾਡੇ ਸਭ ਵਾਸਤੇ ਮਹੱਤਵਪੂਰਨ ਹੁੰਦਾ ਹੈ। ਸਾਡੀ ਕੋਸ਼ਿਸ਼ ਔਰਤਾਂ ਅਤੇ ਮਰਦਾਂ ਨੂੰ ਸ਼ਕਤੀ ਦੇਣਾ ਹੁੰਦੀ ਹੈ ਤਾਂ ਜੋ ਉਹ ਸਰਕਾਰ, ਇਜੈਨਸੀਆਂ ਅਤੇ ਕਮਿਊਨਿਟੀ ਤੋਂ ਜੋ ਲੈ ਸਕਦੇ ਹਨ ਮੰਗਣ ਅਤੇ ਪ੍ਰਾਪਤ ਕਰਨ।

ਵਿਅਕਤੀਗੱਤ ਵਕਾਲਤ ਅਤੇ ਪਬਲਿਕ ਕਾਨੂੰਨੀ ਸਿਖਿਆ ਮੁਹਈਆ ਕਰਨ ਲਈ ਸਾਡੇ ਵਕੀਲ ਸਾਊਥ ਉਕਾਨੰਗਨ ਸਮਿਲਕਾਮੀਨ ਖੇਤਰ ਦੇ ਅੰਦਰ ਫੇਰਾ ਪਾਉਂਦੇ ਹਨ।

ਸਾਡੇ ਪ੍ਰੋਗਰਾਮ ਨਸਲੀ ਘੱਟਗਿਣਤੀ ਗਰੁੱਪਾਂ, ਆਵਾਸੀਆਂ ਅਤੇ ਅਦਿਵਾਸੀ ਕਮਿਊਨਿਟੀਜ਼ ਤੱਕ ਪਹੁੰਚਣਾ ਅਤੇ ਸੇਵਾ ਮੁਹਈਆ ਕਰਨ 'ਤੇ ਵੀ ਕੇਂਦਿਰਤ ਹਨ।

**ਸਰਵਿਸ ਸਮਝੌਤਾ**

ਵਕੀਲ ਅਤੇ ਅਸਾਮੀ ਇੱਕ ਦੂਸਰੇ ਨਾਲ ਸਤਿਕਾਰ ਅਤੇ ਇਮਾਨਦਾਰੀ ਨਾਲ ਵਿਹਾਰ ਕਰੇਗਾ, ਇਜ਼ਤ ਨਾਲ ਬੋਲੇਗਾ, ਵਕਤ 'ਤੇ ਪਹੁੰਚੇਗਾ ਅਤੇ ਜਿੰਨੀ ਛੇਤੀ ਹੋਵੇ ਸੰਪਰਕ ਕਰੇਗਾ ਜੇ ਨਿਯੁਕਤੀ ਸਮਾਂ ਬਦਲਣ ਦੀ ਲੋੜ ਹੈ। ਸਾਡੀ ਇਜੈਨਸੀ ਦੀ ਸਟੇਟਮੈਂਟ ਆਫ ਅੰਡਰਸਟੈਂਡਿੰਗ ਮੁਤਾਬਕ ਸਖ਼ਤ ਭੇਤਦਾਰੀ ਰੱਖੀ ਜਾਵੇਗੀ।

**ਸਾਡੀਆਂ ਅਸਾਮੀਆਂ ਦੀਆਂ ਟਿੱਪਣੀਆਂ**

*"ਵਕੀਲ ਦੀ ਮਦੱਦ ਬਿਨਾ ਮੈਂ ਇਹ ਕਰਨ ਦੇ ਯੋਗ ਨਾ ਹੋ ਸਕਿਆ ਹੁੰਦਾ।"*

*"ਜ਼ਿਆਦਾ ਵਿਸ਼ਵਾਸ਼ ਮਹਿਸੂਸ ਕਰਨ ਵਿੱਚ ਵਕੀਲ ਨੇ ਮੇਰੀ ਮਦੱਦ ਕੀਤੀ।"*

## ਸਾਡੇ ਨਾਲ ਸੰਪਰਕ ਕਰੋ:

**ਫੋਨ**: 250 493 6822
**ਟੋਲ ਫਰੀ**: 1866 493 6822
ਮਿਲਣ ਦੇ ਸਮੇਂ: 11-2 ਸੋਮਵਾਰ – ਵੀਰਵਾਰ
(ਨਿਯੁਕਤੀ ਨਾਲ ਜੇ ਸੰਭਵ ਹੋਵੇ)

#209 – 304 ਮਾਰਟਿਨ ਸਟਰੀਟ
($2^{nd}$ ਫਲੋਰ ਐਂਡ ਵੀਹਲਚੇਅਰ ਪਹੁੰਚ)
ਪੈਨਟਿਕਟਨ, ਬੀ. ਸੀ. ਵੀ2ਏ 5ਕੇ4
ਫੈਕਸ: 250 493 6827
ਈਮੇਲ: advocacy@pawc.ca